

ਚੰਡੀਗੜ੍ਹ ਨਗਰ ਨਿਗਮ ਮੇਅਰ ਰਾਜੇਸ਼ ਕਾਲੀਆ ਅਤੇ ਕੌਂਸਲਰ ਗੁਰਬਖ਼ਸ਼ ਰਾਵਤ ਸੈਕਟਰ-40 ਦੇ ਸਰਕਾਰੀ ਸਕੂਲ 'ਚ ਸੇਲੀਅਕ ਬਿਮਾਰੀ ਪ੍ਰਤੀ ਜਾਗਰੂਕਤਾ ਕੈਂਪ ਦੌਰਾਨ। ਤਸਵੀਰ : ਕਮਲਜੀਤ ਸਿੰਘ

# 'ਸੇਲੀਅਕ' ਬਿਮਾਰੀ ਸਬੰਧੀ ਵਿਦਿਆਰਥੀਆਂ ਨੂੰ ਕੀਤਾ ਜਾਗਰੂਕ

ਚੰਡੀਗੜ੍ਹ, 20 ਅਗਸਤ (ਆਰ.ਐੱਸ.ਲਿਬਰੇਟ)- ਅੱਜ 'ਸੇਲੀਅਕ' ਬਿਮਾਰੀ ਸਬੰਧੀ ਸੈਕਟਰ-40 ਬੀ ਵਿਚ ਇਕ ਸਕੂਲ ਦੇ ਵਿਦਿਆਰਥੀਆਂ ਨੂੰ ਜਾਗਰੂਕ ਕੀਤਾ ਗਿਆ। ਇਹ ਵਿਸ਼ੇਸ਼ ਪ੍ਰੋਗਰਾਮ ਮਾਡਲ ਸੀਨੀਅਰ ਸ. ਸਕੂਲ ਸੈਕਟਰ-40 ਬੀ ਦੇ ਵਿਦਿਆਰਥੀਆਂ ਨੂੰ ਖਾਣ-ਪੀਣ ਨਾਲ ਹੋਣ ਵਾਲੀ ਸੇਲੀਅਕ ਬਿਮਾਰੀ ਬਾਰੇ ਦੱਸਿਆ ਕਿ ਕਿਸ ਤਰ੍ਹਾਂ ਕਣਕ, ਜੌਂ ਅਤੇ ਹੋਰ ਖਾਣ ਪੀਣ ਵਾਲੀਆਂ ਚੀਜ਼ਾਂ ਵਿਚ ਪਾਇਆ ਜਾਣ ਵਾਲੇ ਇਕ ਜਰਮ ਨਾਲ ਹੁੰਦੀ ਹੈ ਅਤੇ ਇਸ ਤੋਂ ਬਚਾਅ ਲਈ ਕਿਹੜੀਆਂ ਸਾਵਧਾਨੀਆਂ ਵਰਤਣੀਆਂ ਜ਼ਰੂਰੀ ਹਨ, ਇਸ ਮੌਕੇ ਇਸ ਬਿਮਾਰੀ ਬਾਰੇ ਚੰਗੀ ਤਰ੍ਹਾਂ ਸਮਝਾਉਣ ਲਈ ਇਕ ਸੇਲੀਅਕ ਰੋਗ ਤੋਂ ਪੀੜਤ 14 ਸਾਲਾ ਬੱਚੇ ਨੇ ਵੀ ਆਪਣੇ ਅਨੁਭਵ ਵਿਦਿਆਰਥੀਆਂ ਨਾਲ ਸਾਂਝੇ ਕੀਤੇ। ਇਸ ਮੌਕੇ ਰਾਜੇਸ਼ ਕੁਮਾਰ ਮੇਅਰ, ਸ੍ਰੀਮਤੀ ਗੁਰਬਖ਼ਸ਼ ਰਾਵਤ ਇਲਾਕਾ ਕੌਂਸਲਰ ਸਹਿਤ ਸਕੂਲ ਪ੍ਰਬੰਧਕ ਮੌਜੂਦ ਸਨ।